If not delivered please sent back to following address

**Ladhar Cafe**

Near bus stand chowk, opposite Nest snack bar, above ATM of Bank of Maharashtra, Hoshiarpur, Punjab

# ਲੋਕ ਲੀਡਰ

LOK LEADER

ਹੱਕ ਸੱਚ ਦੀ ਬੁਲੰਦ ਆਵਾਜ਼

Regn No. : PUNMUL/2015/65249 Postal registration : PB-HSP-36/2015-16

ਲੋਕ ਲੀਡਰ ਸਮਾਚਾਰ ਪੱਤਰ ਅਤੇ ਵੈਬਸਾਈਟ 'ਤੇ ਵਿਗਿਆਪਨ ਦੇਣ ਲਈ ਸੰਪਰਕ ਕਰੋ

ਮੋ. : 98157-24943

ਸਾਲ-04 ਅੰਕ-03 ਸੰਪਾਦਕ-ਰੂਪ ਲਾਲ www.lokleader.com lokleader 22 ਅਪ੍ਰੈਲ ਤੋਂ 6 ਮਈ 2018 ਮੁੱਲ-5 ਰੁਪਏ

## ਅੰਦਰ ਪੜ੍ਹੋ




'ਬਣੇਗਾ ਤੀਜਾ ਮੋਰਚਾ, ਬਸਪਾ ਮੁਖੀ ਕੁਮਾਰੀ... ਪੇਜ 2



10 ਸਾਲਾਂ 'ਚ ਨਾਬਾਲਿਗਾਂ ਦੇ ਯੌਨ ਸ਼ੋਸ਼ਣ ਦੇ ਮਾਮਲੇ... ਪੇਜ 2




ਜਾਤੀ ਵਿਵਸਥਾ : ਅਸੀਂ ਕਿਉਂ ਨੀਵੇਂ ? ਤੁਸੀਂ ਕਿਉਂ... ਪੇਜ 4




ਦੇਸ਼-ਦੁਨੀਆ ਵਿੱਚ #ਹੈਸ਼ਟੈਗ ਦੇ ਰਹੇ... ਪੇਜ 5



ਯੂਪੀ 'ਚ 98 ਦਲਿਤਾਂ ਦੀ ਲਿਸਟ ਵਾਇਰਲ... ਪੇਜ 5




ਪੁਰਸ਼ਵਾਦੀ ਤੇ ਸਾਮੰਤਵਾਦੀ ਸੋਚ ਦਿੰਦੀ 'ਰੇਪ' ਨੂੰ ਜਨਮ ਪੇਜ 7



'ਜਦੋਂ ਤੱਕ ਮਜ਼ਦੂਰਾਂ ਨੂੰ ਸਿਹਤਮੰਦ ਤੇ... ਪੇਜ 8



ਮਰੇ ਡੰਗਰ ਚੁੱਕਣ ਵਾਲਿਆਂ ਦੀ ਮਾੜੀ ਹਾਲਤ... ਪੇਜ 8

# ਕੇਂਦਰ ਦੇ 10 ਮੰਤਰਾਲਿਆਂ-ਵਿਭਾਗਾਂ 'ਚ ਐੱਸਸੀ, ਐੱਸਟੀ ਤੇ ਓਬੀਸੀ ਵਰਗਾਂ ਦੇ ਹਿੱਸੇ ਦੀਆਂ 28,713 ਪੋਸਟਾਂ ਖਾਲੀ

## ■ ਸਰਕਾਰੀ ਅਦਾਰਿਆਂ ਦੇ ਨਿੱਜੀਕਰਨ, ਨੌਕਰੀਆਂ 'ਤੇ ਭਰਤੀਆਂ ਨਾ ਹੋਣ ਕਾਰਨ ਐੱਸਸੀ-ਐੱਸਟੀ-ਓਬੀਸੀ ਰਾਖਵੇਂਕਰਨ ਦੇ ਲਾਭ ਤੋਂ ਵਾਂਝੇ

● ਕੇਂਦਰੀ ਮੰਤਰਾਲੇ ਨੇ ਸੰਸਦ 'ਚ ਰਾਖਵੀਆਂ ਸੀਟਾਂ ਦੀ ਸਥਿਤੀ 'ਤੇ ਪੇਸ਼ ਕੀਤੀ ਰਿਪੋਰਟ

ਅਨੁਸੂਚਿਤ ਜਾਤੀ (ਐੱਸਸੀ), ਅਨੁਸੂਚਿਤ ਜਨਜਾਤੀ (ਐੱਸਟੀ) ਤੇ ਪਛੜੇ ਸਮਾਜ (ਓਬੀਸੀ) ਦੇ ਲੋਕਾਂ ਨੂੰ ਨੁਮਾਇੰਦਗੀ ਦੇ ਤੌਰ 'ਤੇ ਮਿਲੇ ਰਾਖਵੇਂਕਰਨ ਦੇ ਅਧਿਕਾਰ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਬੀਤੇ ਸਮੇਂ ਵਿੱਚ ਆਏ ਫੈਸਲਿਆਂ ਕਰਕੇ ਇਨ੍ਹਾਂ ਵਰਗਾਂ ਦੇ ਹਿੱਸੇ ਦੀਆਂ ਕਈ ਪੋਸਟਾਂ ਖੋਹ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ ਸਰਕਾਰੀ ਵਿਭਾਗਾਂ ਵਿੱਚ ਐੱਸਸੀ, ਐੱਸਟੀ ਤੇ ਓਬੀਸੀ ਵਰਗਾਂ ਦੇ ਹਿੱਸੇ ਦੀਆਂ ਅਜਿਹੀਆਂ ਹਜ਼ਾਰਾਂ ਪੋਸਟਾਂ ਹਨ, ਜਿਨ੍ਹਾਂ 'ਤੇ ਨਿਯੁਕਤੀਆਂ ਨਹੀਂ ਕੀਤੀਆਂ ਗਈਆਂ ਹਨ।

ਸੰਸਦ 'ਚ ਪੇਸ਼ ਪਰਸੋਨਲ ਤੇ ਲੋਕ ਸ਼ਿਕਾਇਤ ਮੰਤਰਾਲੇ ਦੇ ਅੰਕੜਿਆਂ ਮੁਤਾਬਕ, ਕੇਂਦਰ ਸਰਕਾਰ ਵਿੱਚ ਰੱਖਿਆ, ਡਾਕ, ਵਿੱਤ ਸੇਵਾਵਾਂ, ਰੇਲਵੇ, ਮਨੁੱਖੀ ਸੰਸਾਧਨ ਵਿਕਾਸ ਮੰਤਰਾਲੇ, ਗ੍ਰਹਿ ਮੰਤਰਾਲੇ, ਸ਼ਹਿਰੀ ਵਿਕਾਸ ਸਮੇਤ 10 ਮੰਤਰਾਲਿਆਂ ਅਤੇ ਵਿਭਾਗਾਂ ਵਿੱਚ ਐੱਸਸੀ, ਐੱਸਟੀ ਤੇ ਓਬੀਸੀ ਵਰਗਾਂ ਦੇ ਹਿੱਸੇ ਦੀਆਂ 28,713 ਪੋਸਟਾਂ ਖਾਲੀ ਪਈਆਂ ਹਨ। ਸੰਸਦ 'ਚ ਕਿਹਾ ਗਿਆ ਹੈ ਕਿ ਕੇਂਦਰ ਸਰਕਾਰ ਤਹਿਤ 90 ਫੀਸਦੀ ਤੋਂ ਜ਼ਿਆਦਾ ਕਰਮਚਾਰੀਆਂ ਦੀਆਂ ਪੋਸਟਾਂ ਵਾਲੇ 10 ਮੰਤਰਾਲਿਆਂ-ਵਿਭਾਗਾਂ ਨੇ ਆਪਣੇ ਜਨਤੱਕ ਖੇਤਰ ਦੇ ਸੰਸਥਾਨਾਂ ਆਦਿ ਵਿੱਚ 31 ਦਸੰਬਰ 2016 ਨੂੰ ਐੱਸਸੀ, ਐੱਸਟੀ ਤੇ ਓਬੀਸੀ ਦੀਆਂ 92,589 ਖਾਲੀ ਪੋਸਟਾਂ ਦੀ ਜਾਣਕਾਰੀ ਦਿੱਤੀ ਸੀ। ਇਨ੍ਹਾਂ ਵਿੱਚੋਂ 63,876 ਪੋਸਟਾਂ ਨੂੰ ਭਰਿਆ ਗਿਆ ਹੈ। 1 ਜਨਵਰੀ 2017 ਦੀ ਸਥਿਤੀ ਮੁਤਾਬਕ, ਇਨ੍ਹਾਂ ਵਿਭਾਗਾਂ ਵਿੱਚ ਐੱਸਸੀ, ਐੱਸਟੀ ਤੇ ਓਬੀਸੀ ਦੀਆਂ 28,713 ਪੋਸਟਾਂ ਖਾਲੀ ਰਹਿ ਗਈਆਂ ਸਨ। ਮੰਤਰਾਲੇ ਨੇ ਦੱਸਿਆ ਕਿ ਇਨ੍ਹਾਂ

● ਬਾਕੀ ਖਬਰ ਪੇਜ 2 'ਤੇ




### ਕੁੱਲ 496 'ਚੋਂ ਐੱਸਸੀ-ਐੱਸਟੀ ਦੇ ਸਿਰਫ 12 ਵਾਈਸ ਚਾਂਸਲਰ

ਯੂਨੀਵਰਸਿਟੀਆਂ ਵਿੱਚ ਸਭ ਤੋਂ ਮੁੱਖ ਪੋਸਟ ਵਾਈਸ ਚਾਂਸਲਰ ਦੀ ਹੁੰਦੀ ਹੈ। ਇਨ੍ਹਾਂ ਪੋਸਟਾਂ 'ਤੇ ਵੀ ਐੱਸਸੀ, ਐੱਸਟੀ ਤੇ ਓਬੀਸੀ ਵਰਗਾਂ ਨੂੰ ਯੋਗ ਨੁਮਾਇੰਦਗੀ ਨਹੀਂ ਮਿਲੀ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਵੱਲੋਂ ਇੱਕ ਆਰਟੀਆਈ ਦੇ ਜਵਾਬ ਵਿੱਚ ਦਿੱਤੀ ਗਈ ਜਾਣਕਾਰੀ ਮੁਤਾਬਕ, ਦੇਸ਼ ਵਿੱਚ ਕੁੱਲ 496 ਵਾਈਸ ਚਾਂਸਲਰ ਹਨ। ਇਨ੍ਹਾਂ ਵਿੱਚੋਂ 448 ਉੱਚ ਜਾਤੀ ਵਰਗ ਨਾਲ ਸਬੰਧਤ ਹਨ। ਦੂਜੇ ਪਾਸੇ ਓਬੀਸੀ ਨਾਲ ਸਬੰਧਤ ਵੀਸੀ ਦੀ ਗਿਣਤੀ ਸਿਰਫ 36 ਹੈ। ਐੱਸਸੀ ਤੇ ਐੱਸਟੀ ਦੀ ਹਾਲਤ ਹੋਰ ਵੀ ਖਰਾਬ ਹੈ। ਕੁੱਲ 496 ਵਿੱਚੋਂ ਐੱਸਸੀ ਤੇ ਐੱਸਟੀ ਵਰਗਾਂ ਦੇ ਸਿਰਫ 6-6 ਵਾਈਸ ਚਾਂਸਲਰ ਹੀ ਹਨ। ਯੂਜੀਸੀ ਵੱਲੋਂ ਇਸੇ ਸਾਲ ਆਰਟੀਆਈ ਦੇ ਜਵਾਬ ਵਿੱਚ ਇਹ ਜਾਣਕਾਰੀ ਦਿੱਤੀ ਗਈ ਹੈ, ਜਿਸ ਵਿੱਚ ਸਾਲ 2015-16 ਦੇ ਅੰਕੜਿਆਂ ਦਾ ਹਵਾਲਾ ਦਿੱਤਾ ਗਿਆ ਹੈ।

## ਨੀਤੀ ਆਯੋਗ 'ਚ ਕੰਟਰੈਕਟ 'ਤੇ ਭਰਤੀਆਂ, ਰਾਖਵਾਂਕਰਨ ਨਹੀਂ

● ਨੀਤੀ ਆਯੋਗ ਨੇ 46 ਪੋਸਟਾਂ 'ਤੇ ਕੀਤੀਆਂ ਭਰਤੀਆਂ




ਦੇਸ਼ ਵਿੱਚ ਰਾਖਵੇਂਕਰਨ ਦੇ ਮੁੱਦੇ 'ਤੇ ਦਲਿਤ-ਪੱਛੜੇ ਵਰਗ ਦੇ ਲੋਕ ਅੰਦੋਲਨ ਕਰ ਰਹੇ ਹਨ। ਇਨ੍ਹਾਂ ਵੱਲੋਂ ਰਾਖਵੇਂਕਰਨ ਨੂੰ ਪੂਰੀ ਤਰ੍ਹਾਂ ਲਾਗੂ ਕੀਤੇ ਜਾਣ ਦੀਆਂ ਮੰਗਾਂ ਕੀਤੀਆਂ ਜਾ ਰਹੀਆਂ ਹਨ, ਦੂਜੇ ਪਾਸੇ ਸਰਕਾਰ ਦੇ ਥਿੰਕ ਟੈਂਕ ਨੀਤੀ ਆਯੋਗ ਨੇ ਅਜਿਹਾ ਫੈਸਲਾ ਕੀਤਾ ਹੈ, ਜਿਸ ਨਾਲ ਰਾਖਵਾਂਕਰਨ ਵਿਵਸਥਾ ਕੰਢੇ ਕਰ ਦਿੱਤੀ ਗਈ ਹੈ।

ਇਸ ਸਬੰਧ 'ਚ 'ਅਮਰ ਉਜਾਲਾ' ਦੀ ਇੱਕ ਰਿਪੋਰਟ ਮੁਤਾਬਕ, ਨੀਤੀ ਆਯੋਗ ਨੇ ਲਗਾਤਾਰ ਪੱਕੀਆਂ ਨਿਯੁਕਤੀਆਂ ਕਰਨ ਦੀ ਜਗ੍ਹਾ ਵੱਡੀ ਗਿਣਤੀ 'ਚ ਕੰਟਰੈਕਟ 'ਤੇ ਭਰਤੀਆਂ ਕੀਤੀਆਂ ਹਨ, ਜੋ ਕਿ ਸਰਕਾਰ ਨੂੰ ਨੀਤੀ ਦੇ ਸਬੰਧ 'ਚ ਦਿੱਤੀ ਜਾਣ ਵਾਲੀ ਸਲਾਹ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਆਯੋਗ ਦਾ ਕਹਿਣਾ ਹੈ ਕਿ ਕੰਟਰੈਕਟ 'ਤੇ ਰੱਖੇ ਕਰਮਚਾਰੀ ਰਾਖਵਾਂਕਰਨ ਵਿਵਸਥਾ ਤੋਂ ਬਾਹਰ ਹਨ। ਆਰਟੀਆਈ ਤਹਿਤ ਮੰਗੀ ਜਾਣਕਾਰੀ 'ਚ ਨੀਤੀ ਆਯੋਗ ਨੇ ਇਹ ਸਵੀਕਾਰ ਕੀਤਾ ਹੈ ਕਿ ਕੰਟਰੈਕਟ 'ਤੇ 46 ਲੋਕਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ। ਇਨ੍ਹਾਂ ਦਾ ਕਾਰਜਕਾਲ 2 ਤੋਂ 5 ਸਾਲ ਤੱਕ ਦਾ ਹੋਵੇਗਾ। ਆਯੋਗ ਦੇ ਉਪ ਪ੍ਰਧਾਨ ਰਾਜੀਵ ਕੁਮਾਰ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦੇ ਜੀਐੱਫਆਰ 2017 ਦੇ ਨਿਯਮ 178 ਤਹਿਤ ਪ੍ਰੋਫ਼ੈਸ਼ਨਲਸ ਦੀਆਂ ਕੰਟਰੈਕਟ ਭਰਤੀਆਂ ਅਤੇ ਸਲਾਹ ਲੈਣਾ ਰਾਖਵੇਂਕਰਨ ਦੇ ਦਾਇਰੇ ਤੋਂ ਬਾਹਰ ਹਨ।

# ਐੱਸਸੀ-ਐੱਸਟੀ ਐਕਟ : 10 'ਚੋਂ 9 ਸ਼ਿਕਾਇਤਾਂ ਸਹੀ, ਫਿਰ ਵੀ ਕਾਨੂੰਨ ਪ੍ਰਭਾਵਹੀਣ ਕਰ ਦਿੱਤਾ

## ■ ਪੀੜਤਾਂ-ਗਵਾਹਾਂ ਨੂੰ ਡਰਾਉਣ, ਪੁਲਸ ਦੀ ਬੇਰੁਖੀ ਕਾਰਨ ਵੀ ਸਜ਼ਾ ਤੋਂ ਬਚ ਜਾਂਦੇ ਨੇ ਦੋਸ਼ੀ

ਸੁਪਰੀਮ ਕੋਰਟ ਨੇ ਪਿਛਲੇ ਮਹੀਨੇ ਐੱਸਸੀ-ਐੱਸਟੀ ਐਕਟ ਦੀ ਦੁਰਵਰਤੋਂ ਦਾ ਤਰਕ ਦਿੰਦੇ ਹੋਏ ਇਸ ਕਾਨੂੰਨ ਨੂੰ ਕਾਫੀ ਹੱਦ ਤੱਕ ਪ੍ਰਭਾਵਹੀਣ ਕਰ ਦਿੱਤਾ। ਕੋਰਟ ਨੇ ਫੈਸਲੇ ਵਿੱਚ ਕਿਹਾ ਕਿ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨਸੀਆਰਬੀ) ਦੇ 2015 ਦੇ ਅੰਕੜਿਆਂ ਮੁਤਾਬਕ, ਅਨੁਸੂਚਿਤ ਜਾਤੀ ਅੱਤਿਆਚਾਰ ਦੇ ਕੁੱਲ ਮਾਮਲਿਆਂ ਵਿੱਚੋਂ 5347 ਝੂਠੇ ਪਾਏ ਗਏ ਸਨ, ਜਦਕਿ ਅਨੁਸੂਚਿਤ ਜਨਜਾਤੀ ਅੱਤਿਆਚਾਰ ਦੇ ਸਬੰਧ ਵਿੱਚ 912 ਮਾਮਲੇ ਬੇਬੁਨਿਆਦ ਸਨ।

ਦਲਿਤ ਅਧਿਕਾਰ ਸੰਗਠਨਾਂ ਨੇ ਇਹ ਸੱਚ ਸਾਹਮਣੇ ਲਿਆਂਦਾ ਹੈ ਕਿ ਉੱਚ ਜਾਤੀਆਂ ਨਾਲ ਸਬੰਧਤ ਪੁਲਸ ਕਰਮਚਾਰੀ ਆਮ ਤੌਰ 'ਤੇ ਦਲਿਤਾਂ ਖਿਲਾਫ ਹੋਏ ਅਪਰਾਧਾਂ ਦੇ ਮਾਮਲਿਆਂ ਵਿੱਚ ਸ਼ਿਕਾਇਤ ਦਰਜ ਕਰਨ ਪ੍ਰਤੀ ਸਕਾਰਾਤਮਕ ਨਹੀਂ ਹੁੰਦੇ ਅਤੇ ਛੇਤੀ ਤੋਂ ਛੇਤੀ ਇਨ੍ਹਾਂ ਨੂੰ ਝੂਠ ਦੱਸ ਕੇ ਰੱਦ ਕਰ ਦਿੰਦੇ ਹਨ। ਫਿਰ ਵੀ ਅਸੀਂ ਇੱਕ ਮਿੰਟ ਲਈ ਇਨ੍ਹਾਂ ਅੰਕੜਿਆਂ 'ਤੇ ਨਜ਼ਰ ਮਾਰੀਏ, ਜਿਹੜੇ ਐੱਨਸੀਆਰਬੀ ਵੱਲੋਂ ਜਾਰੀ 'ਭਾਰਤ ਵਿੱਚ ਅਪਰਾਧ' ਵਿਸ਼ੇਸ਼ 'ਤੇ 2016 ਦੀ ਇਸਦੀ ਰਿਪੋਰਟ ਵਿੱਚ ਦਰਜ ਹਨ। ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਜਨਜਾਤੀ ਨਾਲ ਸਬੰਧਤ ਜਿਨ੍ਹਾਂ ਮਾਮਲਿਆਂ ਦੀ ਜਾਂਚ ਅਜੇ ਪੈਂਡਿੰਗ ਹੈ, ਉਨ੍ਹਾਂ ਦੀ ਗਿਣਤੀ 56,299 ਅਤੇ 9096 ਹੈ। ਇਸਦਾ ਮੋਟਾ ਜਿਹਾ ਅਰਥ ਇਹ ਨਿੱਕਲਦਾ ਹੈ ਕਿ ਦਲਿਤਾਂ ਵੱਲੋਂ ਆਪਣੇ ਖਿਲਾਫ ਹੋਣ ਵਾਲੇ ਅਪਰਾਧਾਂ ਦੇ ਸਬੰਧ ਵਿੱਚ ਦਰਜ ਕਰਵਾਈ ਜਾਣ ਵਾਲੀ 10 ਵਿੱਚੋਂ ਇੱਕ

● ਬਾਕੀ ਖਬਰ ਪੇਜ 2 'ਤੇ



> "ਜਾਤੀ ਜਾਂ ਲਿੰਗ ਆਧਾਰਿਤ ਹਿੰਸਾ ਖਿਲਾਫ ਸ਼ਿਕਾਇਤ ਕਰਨ ਵਾਲੇ ਲੋਕਾਂ ਨੂੰ ਸੰਵੇਦਨਸ਼ੀਲ ਸਥਿਤੀਆਂ ਵਿੱਚ ਸ਼ੱਕੀ ਵਿਅਕਤੀ ਵੱਲੋਂ ਪਰੇਸ਼ਾਨ ਕੀਤੇ ਜਾਣ ਅਤੇ ਧਮਕਾਏ ਜਾਣ ਦੀਆਂ ਬਹੁਤ ਸੰਭਾਵਨਾਵਾਂ ਹੁੰਦੀਆਂ ਹਨ। ਉੱਪਰੋਂ ਪੁਲਸ ਆਮ ਤੌਰ 'ਤੇ ਐੱਫਆਈਆਰ ਦਰਜ ਕਰਨ ਤੋਂ ਬਚਣ ਦੀ ਕੋਸ਼ਿਸ਼ ਕਰਦੀ ਹੈ।"

### ਸਾਬਕਾ ਚੀਫ ਜਸਟਿਸ ਬਾਲਾਕ੍ਰਿਸ਼ਣਨ ਨੇ ਫੈਸਲੇ 'ਤੇ ਚੁੱਕੇ ਸਵਾਲ



**ਐੱਸਸੀ-ਐੱਸਟੀ** ਐਕਟ 'ਤੇ ਸੁਪਰੀਮ ਕੋਰਟ ਵੱਲੋਂ ਦਿੱਤੇ ਫੈਸਲੇ 'ਤੇ ਦੇਸ਼ ਦੇ ਅਨੁਸੂਚਿਤ ਜਾਤੀ ਵਰਗ ਦੇ ਪਹਿਲੇ ਚੀਫ ਜਸਟਿਸ ਕੇਜੀ ਬਾਲਾਕ੍ਰਿਸ਼ਣਨ ਨੇ ਸਵਾਲ ਚੁੱਕੇ ਹਨ। ਸਾਬਕਾ ਚੀਫ ਜਸਟਿਸ ਬਾਲਾਕ੍ਰਿਸ਼ਣਨ ਨੇ ਕਿਹਾ ਕਿ ਐੱਸਸੀ-ਐੱਸਟੀ ਐਕਟ 'ਤੇ ਸੁਪਰੀਮ ਕੋਰਟ ਦਾ ਫੈਸਲਾ ਮੁੱਢਲੇ ਤੌਰ 'ਤੇ ਗਲਤ ਹੈ। ਉਨ੍ਹਾਂ ਕਿਹਾ ਕਿ ਨਿਆਇਕ ਆਦੇਸ਼ ਅਜਿਹਾ ਨਹੀਂ ਹੋਣਾ ਚਾਹੀਦਾ, ਜਿਸ ਨਾਲ ਲੋਕਾਂ ਵਿਚਕਾਰ ਹਿੰਸਾ ਹੋਵੇ। 14 ਜਨਵਰੀ 2007 ਤੋਂ 12 ਮਈ 2010 ਤੱਕ ਦੇਸ਼ ਦੇ ਚੀਫ ਜਸਟਿਸ ਰਹੇ ਬਾਲਾਕ੍ਰਿਸ਼ਣਨ ਨੇ ਦਿੱਲੀ 'ਚ ਇੱਕ ਪ੍ਰੋਗਰਾਮ ਵਿੱਚ ਇਹ ਗੱਲ ਕਹੀ। ਉਨ੍ਹਾਂ ਕਿਹਾ, "ਇਹ ਸ਼ਾਇਦ ਪਹਿਲੀ ਵਾਰ ਹੈ, ਜਦੋਂ ਸੁਪਰੀਮ ਕੋਰਟ ਦੇ ਕਿਸੇ ਫੈਸਲੇ ਨੂੰ ਲੈ ਕੇ ਲੋਕਾਂ ਵਿੱਚ ਹਿੰਸਾ ਭੜਕੀ ਹੈ। ਅੱਜ ਲੋਕ ਦੇਸ਼ ਦੇ ਸਭ ਤੋਂ ਵੱਡੇ ਕੋਰਟ ਦੇ ਆਦੇਸ਼ ਨੂੰ ਸਵੀਕਾਰ ਨਹੀਂ ਕਰ ਰਹੇ ਹਨ। ਇਹ ਭਿਆਨਕ ਸਥਿਤੀ ਹੈ।"

### ਦਿੱਲੀ ਵਿੱਚ 'ਸੰਵਿਧਾਨ ਬਚਾਓ ਅੰਦੋਲਨ'



ਬਹੁਜਨ ਸਮਾਜ ਦੇ ਲੋਕਾਂ ਵੱਲੋਂ 20 ਅਪ੍ਰੈਲ ਨੂੰ ਦਿੱਲੀ ਵਿੱਚ 'ਸੰਵਿਧਾਨ ਬਚਾਓ ਅੰਦੋਲਨ' ਕੀਤਾ ਗਿਆ। ਇਸ ਦੌਰਾਨ ਯੂਨੀਵਰਸਿਟੀਆਂ 'ਚ ਰਾਖਵਾਂਕਰਨ ਲਾਗੂ ਕੀਤੇ ਜਾਣ, ਐੱਸਸੀ-ਐੱਸਟੀ ਐਕਟ ਦੀ ਪੁਰਾਣੇ ਰੂਪ 'ਚ ਮੁੜ ਬਹਾਲੀ, ਉੱਚ ਅਦਾਲਤਾਂ ਵਿੱਚ ਰਾਖਵਾਂਕਰਨ ਲਾਗੂ ਕਰਨ, ਯੂਜੀਸੀ ਨੋਟੀਫਿਕੇਸ਼ਨ ਵਾਪਸ ਲੈਣ ਤੇ ਲੋਕਸਭਾ ਚੋਣਾਂ ਬੈਲੇਟ ਪੇਪਰ ਰਾਹੀਂ ਕਰਾਉਣ ਦੀ ਮੰਗ ਕੀਤੀ ਗਈ।

## 31% ਐੱਸਸੀ ਤੇ 45% ਐੱਸਟੀ ਗਰੀਬੀ ਰੇਖਾ ਹੇਠ

● ਦੇਸ਼ ਵਿੱਚ ਗਰੀਬੀ ਰੇਖਾ ਹੇਠ ਹਨ 27 ਕਰੋੜ ਲੋਕ

ਆਜ਼ਾਦੀ ਦੇ 70 ਸਾਲ ਬਾਅਦ ਵੀ ਦੇਸ਼ ਦੇ ਲੋਕ ਭਿਆਨਕ ਗਰੀਬੀ ਦਾ ਸਾਹਮਣਾ ਕਰ ਰਹੇ ਹਨ। ਇਸ ਸਬੰਧ ਵਿੱਚ ਕੇਂਦਰ ਸਰਕਾਰ ਨੇ ਸੰਸਦ ਵਿੱਚ ਇੱਕ ਰਿਪੋਰਟ ਪੇਸ਼ ਕੀਤੀ ਹੈ। ਬੀਤੇ ਦਿਨੀਂ ਸੰਸਦ 'ਚ ਸਰਕਾਰ ਨੇ ਕਿਹਾ ਕਿ ਦੇਸ਼ ਵਿੱਚ ਇਸ ਸਮੇਂ 27 ਕਰੋੜ ਲੋਕ ਗਰੀਬੀ ਰੇਖਾ ਹੇਠ ਜ਼ਿੰਦਗੀ ਬਿਤਾਉਣ ਲਈ ਮਜਬੂਰ ਹਨ। ਇਨ੍ਹਾਂ ਵਿੱਚ



ਅਨੁਸੂਚਿਤ ਜਨਜਾਤੀ ਦੇ 45.3 ਫੀਸਦੀ ਅਤੇ ਅਨੁਸੂਚਿਤ ਜਾਤੀ ਦੇ 31.5 ਫੀਸਦੀ ਲੋਕ ਗਰੀਬੀ ਰੇਖਾ ਹੇਠ ਹਨ। ਲੋਕਸਭਾ 'ਚ ਇਹ ਜਾਣਕਾਰੀ ਯੋਜਨਾ ਰਾਜ ਮੰਤਰੀ ਰਾਵ ਇੰਦਰਜੀਤ ਸਿੰਘ ਨੇ ਦਿੱਤੀ।

## ਕਠੂਆ ਗੈਂਗਰੇਪ : ਰਾਜਸਥਾਨ ਦੇ ਸ਼ੰਭੂ, ਯੂਪੀ ਦੇ ਵਿਧਾਇਕ ਤੇ ਕਠੂਆ ਗੈਂਗਰੇਪ ਦੋਸ਼ੀਆਂ ਦਾ ਸਮਰਥਨ ਸ਼ਰਮਸਾਰ ਕਰਨ ਵਾਲਾ

# ਬਲਾਤਕਾਰ ਦੇ ਦੋਸ਼ੀਆਂ ਦਾ ਸਾਥ ਦੇਣ ਵਾਲਿਓ ! ਸ਼ਰਮ ਨਹੀਂ ਆਉਂਦੀ !

● ਨਫਰਤ ਦੀ ਅੱਗ 'ਚ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਸਮਾਜ ਦਾ ਇੱਕ ਹਿੱਸਾ

ਸਾਲ 2012 'ਚ ਨਿਰਭਯਾ ਬਲਾਤਕਾਰ ਮਾਮਲੇ ਤੋਂ ਲੈ ਕੇ 2018 ਦੇ ਕਠੂਆ ਗੈਂਗਰੇਪ ਤੱਕ ਅਸੀਂ ਇੰਨੀ ਤਰੱਕੀ ਕਰ ਲਈ ਕਿ ਹੁਣ ਬਲਾਤਕਾਰ ਦੇ ਦੋਸ਼ੀਆਂ ਦੇ ਸਮਰਥਨ ਵਿੱਚ ਵੀ ਲੋਕ ਸੜਕਾਂ 'ਤੇ ਆਉਣ ਲੱਗੇ ਹਨ। ਕਠੂਆ ਵਿੱਚ 8 ਸਾਲ ਦੀ ਬੱਚੀ ਦੇ ਨਾਲ ਬਲਾਤਕਾਰ ਹੋਇਆ, ਇਹ ਸੁਣ ਕੇ ਰੂਹ ਕੰਬ ਜਾਂਦੀ ਹੈ। ਫਿਰ ਵੀ ਮਾਮਲੇ ਵਿੱਚ 11 ਅਪ੍ਰੈਲ ਨੂੰ ਜੰਮੂ-ਕਸ਼ਮੀਰ ਪੁਲਸ ਨੇ ਜਿਹੜੀ ਚਾਰਜਸ਼ੀਟ ਦਾਖਲ ਕੀਤੀ ਹੈ, ਉਸਨੂੰ ਜੇਕਰ ਤੁਸੀਂ ਇੱਕ ਵਾਰ ਪੜ੍ਹ ਲਵੋਗੇ ਤਾਂ ਪੱਕੇ ਤੌਰ 'ਤੇ ਬਿਮਾਰ ਹੋ ਜਾਓਗੇ। ਭਰੋਸਾ ਨਹੀਂ ਹੋਵੇਗਾ ਕਿ ਸਾਡੇ ਆਲੇ-ਦੁਆਲੇ ਅਜਿਹੇ ਲੋਕ ਹਨ, ਜਿਹੜੇ ਨਫਰਤ ਦੀ ਅੱਗ ਵਿੱਚ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ।

ਉਸ 8 ਸਾਲ ਦੀ ਬੱਚੀ ਨੂੰ ਕਿਡਨੈਪ ਕਰਕੇ ਉਸਨੂੰ ਨਸ਼ੀਲੀ ਦਵਾਈਆਂ ਪਿਲਾਈਆਂ ਗਈਆਂ ਅਤੇ ਇੱਕ ਹਫਤੇ ਤੱਕ ਮੰਦਰ ਵਿੱਚ ਬੰਨ ਕੇ ਉਸਦੇ ਨਾਲ ਵਾਰ-ਵਾਰ ਬਲਾਤਕਾਰ ਕੀਤਾ ਗਿਆ। ਪੁਲਸ ਨੇ ਮਾਮਲੇ ਵਿੱਚ 8 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਵਿੱਚ ਰਿਟਾਇਰ ਸਰਕਾਰੀ ਕਰਮਚਾਰੀ, ਉਸਦਾ ਨਾਬਾਲਿਗ ਬੇਟਾ-ਭਤੀਜਾ ਸਮੇਤ ਜੰਮੂ-ਕਸ਼ਮੀਰ ਪੁਲਸ ਅਧਿਕਾਰੀ ਵੀ ਸ਼ਾਮਲ ਹਨ। ਉਸ 8 ਸਾਲ ਦੀ ਬੱਚੀ ਨੇ ਕਿਸੇ ਦਾ ਕੀ ਵਿਗਾੜਿਆ ਹੋਵੇਗਾ, ਇਹ ਸੋਚਣ ਤੋਂ ਪਹਿਲਾਂ ਤੁਸੀਂ ਚਾਰਜਸ਼ੀਟ ਦੇ ਉਸ ਪੇਜ ਨੂੰ ਪੜ੍ਹੋ, ਜਿਸ ਵਿੱਚ ਲਿਖਿਆ ਹੈ ਕਿ ਇਹ ਪੂਰੀ ਦੀ ਪੂਰੀ ਇੱਕ ਫਿਰਕੂ ਸਾਜ਼ਿਸ਼ ਸੀ। ਮਤਲਬ, ਬੱਚੀ ਨਾਲ ਸਿਰਫ ਬਲਾਤਕਾਰ ਹੀ ਨਹੀਂ ਕਰਨਾ ਸੀ, ਸਗੋਂ ਉਸਦੇ ਸਮਾਜ ਨੂੰ ਡਰਾ ਕੇ ਖੇਤਰ ਤੋਂ

● ਬਾਕੀ ਖਬਰ ਪੇਜ 2 'ਤੇ




### ਫੋਰੈਂਸਿਕ ਲੈਬ ਨੇ ਜਾਰੀ ਕੀਤੀ ਰਿਪੋਰਟ

ਕਠੂਆ ਗੈਂਗਰੇਪ ਮਾਮਲੇ 'ਚ ਵੱਡਾ ਖੁਲਾਸਾ ਹੋਇਆ ਹੈ। ਦਿੱਲੀ ਦੀ ਫੋਰੈਂਸਿਕ ਲੈਬ (ਐੱਫਐੱਸਐੱਲ) ਨੇ ਸਬੂਤਾਂ ਦੀ ਜਾਂਚ ਕੀਤੀ ਹੈ ਅਤੇ ਉਨ੍ਹਾਂ ਨੂੰ ਸੱਚ ਮੰਨਿਆ ਹੈ। ਮੀਡੀਆ ਰਿਪੋਰਟ ਮੁਤਾਬਕ, ਐੱਫਐੱਸਐੱਲ ਦੀ ਰਿਪੋਰਟ 'ਚ ਇਸ ਗੱਲ ਦੀ ਤਸਦੀਕ ਕੀਤੀ ਗਈ ਹੈ ਕਿ ਮੰਦਰ 'ਚ ਮਿਲੇ ਖ਼ੂਨ ਦੇ ਛਿੱਟੇ ਪੀੜਤਾ ਦੇ ਹੀ ਹਨ। ਇਸ ਨਾਲ ਇਸ ਗੱਲ ਦੀ ਲਗਭਗ ਤਸਦੀਕ ਹੋ ਜਾਂਦੀ ਹੈ ਕਿ 8 ਸਾਲ ਦੀ ਬੱਚੀ ਨਾਲ ਮੰਦਰ ਅੰਦਰ ਹੀ ਬਲਾਤਕਾਰ ਕੀਤਾ ਗਿਆ। ਰਿਪੋਰਟ ਮੁਤਾਬਕ, ਮੰਦਰ ਤੋਂ ਮਿਲੇ ਬਾਲ ਦੀਆਂ ਲੜੀਆਂ ਦੀ ਜਾਂਚ ਕਰਨ 'ਤੇ ਪਤਾ ਲੱਗਾ ਕਿ ਉਸਦੀ ਡੀਐੱਨਏ ਪ੍ਰੋਫਾਈਲ ਇੱਕ ਦੋਸ਼ੀ ਸ਼ੁਭਮ ਸੰਗਰਾ ਨਾਲ ਮਿਲਦੀ ਹੈ। ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਪੀੜਤਾ ਦੇ ਕੱਪੜਿਆਂ 'ਤੇ ਮਿਲੇ ਖ਼ੂਨ ਦੇ ਛਿੱਟੇ ਉਸਦੀ ਡੀਐੱਨਏ ਪ੍ਰੋਫਾਈਲ ਨਾਲ ਮੈਚ ਕਰਦੇ ਹਨ। ਦਿੱਲੀ ਐੱਫਐੱਸਐੱਲ ਨੇ ਪੀੜਤਾ ਦੇ ਯੌਨ ਅੰਗ 'ਚ ਖ਼ੂਨ ਮਿਲਣ ਦੀ ਵੀ ਤਸਦੀਕ ਕੀਤੀ ਹੈ।

### ਸੰਯੁਕਤ ਰਾਸ਼ਟਰ ਨੇ ਘਟਨਾ ਦੀ ਨਿੰਦਾ ਕੀਤੀ

ਕਠੂਆ 'ਚ ਬੱਚੀ ਨਾਲ ਬਲਾਤਕਾਰ ਤੇ ਉਸਦੀ ਹੱਤਿਆ ਦੇ ਮਾਮਲੇ ਦੀ ਚਰਚਾ ਅੰਤਰ ਰਾਸ਼ਟਰੀ ਪੱਧਰ 'ਤੇ ਹੋ ਰਹੀ ਹੈ। ਹੁਣ ਸੰਯੁਕਤ ਰਾਸ਼ਟਰ ਜਨਰਲ ਸਕੱਤਰ ਐਂਟੋਨੀਓ ਗੁਟੇਰੇਸ਼ ਨੇ ਵੀ ਇਸ ਘਟਨਾ ਦੀ ਨਿੰਦਾ ਕੀਤੀ ਹੈ। ਉਨ੍ਹਾਂ ਨੇ ਇਸ ਘਟਨਾ ਨੂੰ 'ਡਰਾਉਣੀ' ਦੱਸਿਆ ਹੈ। ਮੀਡੀਆ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਅਸੀਂ ਇਹ ਉਮੀਦ ਕਰਦੇ ਹਾਂ ਕਿ ਪ੍ਰਸ਼ਾਸਨ ਇਨ੍ਹਾਂ ਅਪਰਾਧੀਆਂ ਨੂੰ ਉਨ੍ਹਾਂ ਦੀ ਸਹੀ ਜਗ੍ਹਾ ਤੱਕ ਪਹੁੰਚਾਏਗਾ।

## ਸਹਿਯੋਗ ਲਈ ਖਾਤਾ ਨੰਬਰ

LOK LEADER
Union Bank of India
Una road,
Bajwara bhatha,
Distt. Hoshiarpur,
Punjab
408401010031030
IFSC code UBIN
0540846

ਨਿਮਰਤਾ ਸਹਿਤ ਬੇਨਤੀ ਹੈ ਕਿ ਲੋਕ ਲੀਡਰ ਅਦਾਰੇ ਨੂੰ ਚਲਦਾ ਰੱਖਣ ਲਈ ਵਿੱਤੀ ਸਹਾਇਤਾ ਦੀ ਅਤਿ ਜ਼ਰੂਰਤ ਹੈ। ਕਿਰਪਾ ਕਰਕੇ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ।
-ਧੰਨਵਾਦ ਸਮੇਤ

ਮੋ. : 98157-24943

lokleader1@gmail.com